ਪੰਜਾਬ ਸਰਕਾਰ

ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਪੰਜਾਬ

(ਮਕਾਨ ਉਸਾਰੀ-2 ਸ਼ਾਖਾ)

IT & C Branch
Diary No. 6146
Dated 18/05/17

ਨੋਟੀਫੀਕੇਸ਼ਨ

ਮਿਤੀ 17 ਮਈ, 2017

ਨੰ.:18/69/2016-5ਮਉ2/ 3526 ਸਰਕਾਰ ਵੱਲੋਂ ਜਾਰੀ ਪਾਲਿਸੀ ਮਿਤੀ 15-12-2016 ਅਤੇ ਮਿਤੀ 04-01-2017 ਕੇਵਲ ਉਨ੍ਹਾਂ ਪ੍ਰੋਮੋਟਰਾਂ ਲਈ ਹੀ ਸੀ, ਜਿਹੜੇ ਕਿ ਮਿਤੀ 31-12-2016 ਤੱਕ ਡਿਫਾਲਟਰ ਸਨ, ਪਰੰਤੂ ਹੁਣ ਸਰਕਾਰ ਵੱਲੋਂ ਪ੍ਰੋਮੋਟਰਾਂ ਨੂੰ ਮੋਰੇਟੋਰੀਅਮ ਦੇਣ ਬਾਰੇ ਮਾਮਲੇ ਨੂੰ ਮੁੜ ਵਿਚਾਰਿਆ ਗਿਆ ਅਤੇ ਸਿਧਾਂਤਕ ਤੌਰ ਤੇ ਇਹ ਫੈਸਲਾ ਲਿਆ ਗਿਆ ਕਿ ਜਿਹੜੇ ਪ੍ਰੋਮੋਟਰਾਂ ਦੀਆਂ ਈ.ਡੀ.ਸੀ. ਦੀਆਂ ਕਿਸਤਾਂ ਸਾਲ-2017 ਦੌਰਾਨ ਡਿਊ ਹੁੰਦੀਆਂ ਹਨ। ਉਨ੍ਹਾਂ ਤੇ ਵੀ ਸਾਲ 2017 ਦੌਰਾਨ ਮੋਰੇਟੋਰੀਅਮ ਦਿੱਤਾ ਜਾਣਾ ਹੈ ਇਸ ਲਈ ਮਾਨਯੋਗ ਰਾਜਪਾਲ, ਪੰਜਾਬ ਪ੍ਰਸੰਨਤਾ ਪੂਰਵਕ ਪ੍ਰੋਮੋਟਰਾ ਦੇ ਕੇਸਾਂ ਨੂੰ ਹੇਠ ਲਿਖੇ ਅਨੁਸਾਰ ਨਜਿੱਠਣ ਦੀ ਪ੍ਰਵਾਨਗੀ ਦਿੰਦੇ ਹਨ:-

1. ਜਿਨ੍ਹਾਂ ਪ੍ਰੋਮੋਟਰਾਂ ਵੱਲ ਮਿਤੀ 31-12-2016 ਨੂੰ ਈ.ਡੀ.ਸੀ. ਦੀ ਰਕਮ ਦਾ ਕੋਈ ਬਕਾਇਆ ਸੀ ਅਤੇ ਉਹਨਾਂ ਵੱਲੋਂ ਸਰਕਾਰ ਦੀ ਮਿਤੀ 15-12-2016 ਅਤੇ ਮਿਤੀ 04-01-2017 ਰਾਹੀਂ ਜਾਰੀ ਅਧਿਸੂਚਨਾ ਅਨੁਸਾਰ ਮੰਗੀ ਰਕਮ ਜਮ੍ਹਾਂ ਨਹੀਂ ਕਰਵਾਈ ਗਈ ਹੈ:-
   i. ਉਹਨਾਂ ਤੋਂ ਪ੍ਰੋਜੈਕਟ ਦੇ ਮੰਗ ਪੱਤਰਾਂ ਵਿੱਚ ਦਰਸਾਏ ਸ਼ਡਿਊਲਜ਼ ਆਫ ਪੇਮੈਂਟ ਅਨੁਸਾਰ ਈ.ਡੀ.ਸੀ. ਦੀ ਮਿਤੀ 31-12-2016 ਤੱਕ ਦੀ ਬਕਾਇਆ ਰਹਿੰਦੀ ਰਾਸ਼ੀ (overdue ਰਾਸ਼ੀ) (ਜਿਸ ਵਿੱਚ ਅਪ ਟੂ ਡੇਟ ਵਿਆਜ/ਦੰਡ ਵਿਆਜ ਵੀ ਸ਼ਾਮਿਲ ਹੋਵੇਗਾ) ਦੀ 10% ਰਕਮ ਲੈ ਕੇ, ਬਾਕੀ ਰਹਿੰਦੀ 90% ਰਕਮ ਤੇ ਮਿਤੀ 31-12-2017 ਤੱਕ ਮੋਰੇਟੋਰੀਅਮ ਦਿੱਤਾ ਜਾਵੇ, ਜੋ ਕਿ ਮਿਤੀ 01-01-2018 ਤੋਂ ਬਾਅਦ 6 ਤਿਮਾਹੀ ਕਿਸ਼ਤਾਂ ਵਿੱਚ ਸਮੇਤ ਵਿਆਜ 10% (ਸਾਲਾਨਾ) ਅਤੇ ਦੰਡ ਵਿਆਜ 3% (compounded) ਵਸੂਲ ਕੀਤੀ ਜਾਵੇਗੀ।
   ii. ਮੋਰੇਟੋਰੀਅਮ ਸਮੇਂ ਦੌਰਾਨ (ਮਿਤੀ 01-01-2017 ਤੋਂ 31-12-2017 ਤੱਕ) ਬਕਾਇਆ 90% ਈ.ਡੀ.ਸੀ ਦੀ ਰਾਸ਼ੀ (overdue amount) ਤੇ ਵਿਆਜ ਦੀ ਦਰ 9.50% (ਸਾਲਾਨਾ) ਅਤੇ ਦੰਡ ਵਿਆਜ ਦੀ ਦਰ 1% (compounded) ਹੋਵੇਗੀ। ਮੋਰੇਟੋਰੀਅਮ ਸਮੇਂ ਦੌਰਾਨ ਵਿਆਜ ਦੀ ਰਕਮ 4 ਤਿਮਾਹੀ ਕਿਸ਼ਤਾਂ ਵਿੱਚ ਵਸੂਲੀ ਜਾਵੇਗੀ।
2. ਜਿਨ੍ਹਾਂ ਪ੍ਰੋਮੋਟਰਾਂ ਵੱਲ ਮਿਤੀ 31-12-2016 ਨੂੰ ਈ.ਡੀ.ਸੀ. ਦੀ ਰਕਮ ਦਾ ਕੋਈ ਬਕਾਇਆ ਸੀ ਅਤੇ ਸਰਕਾਰ ਦੀ ਮਿਤੀ 15-12-2016 ਅਤੇ ਮਿਤੀ 04-01-2017 ਰਾਹੀਂ ਜਾਰੀ ਅਧਿਸੂਚਨਾ ਅਨੁਸਾਰ ਪ੍ਰੋਮੋਟਰਾਂ ਨੂੰ 90% overdue ਰਾਸ਼ੀ ਦੇ ਰਿਵਾਈਜ਼ਡ ਸ਼ਡਿਊਲ ਆਫ ਪੇਮੈਂਟ ਜਾਰੀ ਕੀਤੇ ਜਾ ਚੁੱਕੇ ਹਨ, ਉਹ ਪ੍ਰੋਮੋਟਰ ਉਸੇ ਪਾਲਿਸੀ ਮੁਤਾਬਿਕ ਜਾਰੀ ਸ਼ਡਿਊਲ ਆਫ ਪੇਮੈਂਟ ਅਨੁਸਾਰ ਕਿਸ਼ਤਾਂ ਮਿੱਥੀ ਮਿਤੀ ਤੇ ਹੀ ਅਦਾ ਕਰਨਗੇ।
3. ਸਾਰੇ ਪ੍ਰੋਮੋਟਰਾਂ ਨੂੰ ਮਿਤੀ 01-01-2017 ਤੋਂ regular ਡਿਊ ਹੋਣ ਵਾਲੀਆਂ ਈ.ਡੀ.ਸੀ. ਦੀਆਂ ਕਿਸ਼ਤਾਂ ਦੀ ਮੂਲ ਰਕਮ ਤੇ ਵੀ ਮਿਤੀ 31-12-2017 ਤੱਕ ਦਾ ਮੋਰੇਟੋਰੀਅਮ ਦਿੱਤਾ ਜਾਵੇਗਾ, ਜੋ ਕਿ ਮਿਤੀ 01-01-2018 ਨੂੰ ਕਿਸ਼ਤਾਂ ਦੀ ਡਿਊ ਮਿਤੀ ਤੋਂ 10% ਵਿਆਜ ਸਮੇਤ ਅਦਾ ਕਰਨੀ ਹੋਵੇਗੀ ਅਤੇ ਇਸ ਉਪਰੰਤ ਮੂਲ ਰਕਮ ਤੇ 3% (compounded) ਦੰਡ

ਵਿਆਜ ਵੀ ਚਾਰਜ ਕੀਤਾ ਜਾਵੇਗਾ ਪਰੰਤੂ ਕਿਸ਼ਤਾਂ ਵਿੱਚ ਸ਼ਾਮਿਲ ਵਿਆਜ ਦੀ ਰਕਮ ਡਿਊ ਮਿਤੀ ਤੇ ਹੀ ਅਦਾ ਕਰਨੀ ਹੋਵੇਗੀ।

4. ਈ. ਡੀ. ਸੀ. ਨੂੰ ਛੱਡ ਕੇ ਬਾਕੀ ਦੇ ਚਾਰਜਿਜ਼ ਅਤੇ ਜਿਹੜੀਆਂ ਕਿਸ਼ਤਾਂ ਮਿਤੀ 01-01-2017 ਤੋਂ ਬਾਅਦ ਡਿਊ ਹੋਣਗੀਆਂ, ਉਹ ਮੰਗ ਪੱਤਰ ਦੇ ਸ਼ਡਿਊਲਜ਼ ਆਫ ਪੇਮੈਂਟ ਮੁਤਾਬਿਕ ਹੀ ਅਦਾ ਕਰਨੀਆਂ ਹੋਣਗੀਆਂ ਅਤੇ ਕਿਸ਼ਤਾਂ ਤੇ ਵਿਆਜ ਅਤੇ ਦੰਡ ਵਿਆਜ ਵਿਭਾਗ ਦੀ ਪਹਿਲਾਂ ਜਾਰੀ ਪਾਲਿਸੀ ਅਨੁਸਾਰ ਹੀ ਵਸੂਲਿਆ ਜਾਵੇਗਾ।
5. ਮੋਰੇਟੋਰੀਅਮ ਸਮੇਂ ਦੌਰਾਨ ਕਿਸੇ ਵੀ ਪ੍ਰਮੋਟਰ, ਜਿਸ ਨੇ ਉਪਰੋਕਤ ਦੱਸੇ ਅਨੁਸਾਰ ਚਾਰਜਿਜ ਅਦਾ ਕੀਤੇ ਹੋਣ, ਦਾ ਸੀ. ਐਲ. ਯੂ., ਲੇ-ਆਊਟ ਪਲੈਨ ਅਤੇ ਬਿਲਡਿੰਗ ਪਲੈਨ ਆਦਿ ਵਿਭਾਗ ਵੱਲੋਂ ਨਹੀਂ ਰੋਕਿਆ ਜਾਵੇਗਾ ।
6. ਜੇਕਰ ਪ੍ਰਮੋਟਰ ਮੋਰੇਟੋਰੀਅਮ ਸਮੇਂ ਦੌਰਾਨ ਵਿਆਜ ਦੀਆਂ ਦੋ ਤਿਮਾਹੀ ਕਿਸ਼ਤਾਂ ਦਾ ਡਿਫਾਲਟ ਕਰਦਾ ਹੈ ਤਾਂ ਉਸ ਪ੍ਰਮੋਟਰ ਦਾ ਸੀ. ਐਲ. ਯੂ., ਲੇ ਆਊਟ ਪਲੈਨ ਜਾਂ ਬਿਲਡਿੰਗ ਪਲੈਨ ਆਦਿ ਦੀ ਪ੍ਰਵਾਨਗੀ ਰੋਕ ਦਿੱਤੀ ਜਾਵੇਗੀ ਅਤੇ ਸਬੰਧਤ ਡਿਪਟੀ ਕਮਿਸ਼ਨਰ ਨੂੰ ਪ੍ਰਮੋਟਰ ਦੇ ਪ੍ਰੋਜੈਕਟ ਵਿੱਚ ਪੈਂਦੇ ਪਲਾਟਾਂ ਦੀਆਂ ਰਜਿਸਟਰੀਆਂ ਤੇ ਰੋਕ ਲਗਾਉਣ ਲਈ ਲਿਖ ਦਿੱਤਾ ਜਾਵੇਗਾ ।
7. ਇਸ ਮੋਰੇਟੋਰੀਅਮ ਪਾਲਿਸੀ ਦਾ ਲਾਭ ਕੇਵਲ ਉਨ੍ਹਾਂ ਪ੍ਰਮੋਟਰਾਂ ਨੂੰ ਹੀ ਦਿੱਤਾ ਜਾਵੇਗਾ, ਜਿਹੜੇ ਪ੍ਰਮੋਟਰ ਇਸ ਲਾਭ ਨੂੰ ਲੈਣ ਲਈ ਅਧਿਸੂਚਨਾ ਜਾਰੀ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਪਾਲਿਸੀ ਮੁਤਾਬਿਕ ਬਣਦੀ 10% ਰਾਸ਼ੀ, ਮੋਰੇਟੋਰੀਅਮ ਸਮੇਂ ਦੌਰਾਨ ਮਿਤੀ 31-03-2017 ਨੂੰ ਡਿਊ ਵਿਆਜ ਦੀ ਕਿਸ਼ਤ ਅਤੇ ਡਿਮਾਂਡ ਨੋਟਿਸਾਂ ਅਨੁਸਾਰ ਹੋਰ ਡਿਊ ਰਕਮ, ਜੇਕਰ ਕੋਈ ਹੈ, ਸਮੇਤ ਆਪਣੀ Option ਲਿਖਤੀ ਰੂਪ ਵਿੱਚ ਸਬੰਧਤ ਦਫਤਰ ਵਿਖੇ ਜਮ੍ਹਾਂ ਕਰਵਾਉਣਗੇ।

ਮਿਤੀ: 16-05-2017
ਚੰਡੀਗੜ੍ਹ

ਵਿਨੀ ਮਹਾਜਨ
ਵਧੀਕ ਮੁੱਖ ਸਕੱਤਰ ਪੰਜਾਬ ਸਰਕਾਰ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਪੰਜਾਬ

ਪਿੱਠ ਅੰਕਣ ਨੰ:18/69/2016-5ਮਉ2/ 3527 ਮਿਤੀ, ਚੰਡੀਗੜ੍ਹ: 17-05-2017

ਉਪਰੋਕਤ ਦਾ ਉਤਾਰਾ ਸਮੇਤ ਵਾਧੂ ਕਾਪੀ ਦੇ, Controller, Printing & Stationery, Punjab, SAS Nagar ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਗਜ਼ਟ (ਅਸਾਧਾਰਣ) ਵਿਚ ਛਾਪਣ ਦੀ ਖੇਚਲ ਕੀਤੀ ਜਾਵੇ ਅਤੇ ਛਪੇ ਹੋਏ ਨੋਟੀਫਿਕੇਸ਼ਨ ਦੀਆਂ 100 ਕਾਪੀਆਂ ਇਸ ਵਿਭਾਗ ਦੀ ਦਫਤਰੀ ਵਰਤੋਂ ਲਈ ਭੇਜੀਆਂ ਜਾਣ।

ਵਿਸ਼ੇਸ਼ ਸਕੱਤਰ

ਪਿੱਠ ਅੰਕਣ ਨੰ: 18/69/16-5ਮਉ2/3598-43 ਮਿਤੀ, ਚੰਡੀਗੜ੍ਹ: 17-05-2017

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਜਾਣਕਾਰੀ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਪ੍ਰਮੁੱਖ ਸਕੱਤਰ ਟੂੰ ਮੁੱਖ ਮੰਤਰੀ, ਪੰਜਾਬ।
2. ਪ੍ਰਮੁੱਖ ਸਕੱਤਰ ਟੂੰ ਮੁੱਖ ਮੰਤਰੀ, ਪੰਜਾਬ।
3. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ।
4. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਉਦਯੋਗ ਤੇ ਵਣਜ ਵਿਭਾਗ।
5. ਮੁੱਖ ਕਾਰਜਕਾਰੀ ਅਫਸਰ, ਪੰਜਾਬ ਇੰਨਵੈਸਟਮੈਂਟ ਬਿਊਰੋ, ਚੰਡੀਗੜ੍ਹ।
6. ਮੁੱਖ ਪ੍ਰਸ਼ਾਸ਼ਕ, ਪੁੱਡਾ, ਐਸ.ਏ.ਐਸ ਨਗਰ।
7. ਮੁੱਖ ਪ੍ਰਸ਼ਾਸ਼ਕ, ਗਮਾਡਾ, ਐਸ.ਏ.ਐਸ ਨਗਰ।
8. ਮੁੱਖ ਪ੍ਰਸ਼ਾਸ਼ਕ, ਗਲਾਡਾ, ਲੁਧਿਆਣਾ।
9. ਮੁੱਖ ਪ੍ਰਸ਼ਾਸ਼ਕ, ਪੀ.ਡੀ.ਏ., ਪਟਿਆਲਾ।
10. ਮੁੱਖ ਪ੍ਰਸ਼ਾਸ਼ਕ, ਬੀ.ਡੀ.ਏ., ਬਠਿੰਡਾ।
11. ਮੁੱਖ ਪ੍ਰਸ਼ਾਸ਼ਕ, ਏ.ਡੀ.ਏ., ਅੰਮ੍ਰਿਤਸਰ।
12. ਮੁੱਖ ਪ੍ਰਸ਼ਾਸ਼ਕ, ਜੇ.ਡੀ.ਏ., ਜਲੰਧਰ।
13. ਵਧੀਕ ਮੁੱਖ ਪ੍ਰਸ਼ਾਸ਼ਕ (ਵਿੱ ਤੇ ਲੇ), ਪੁੱਡਾ, ਐਸ. ਏ. ਐਸ. ਨਗਰ।
14. ਡਾਇਰੈਕਟਰ, ਨਗਰ ਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ।
15. ਮੁੱਖ ਨਗਰ ਯੋਜਨਾਕਾਰ, ਪੰਜਾਬ।
16. ਜਨਰਲ ਮੈਨੇਜਰ (ਆਈ.ਟੀ. ਅਤੇ ਸੀ), ਪੁੱਡਾ, ਐਸ ਏ ਐਸ ਨਗਰ।

ਸੁਪਰਡੰਟ